# DRIVING WITH A MEDICAL CONDITION

# ਕਿਸੇ ਡਾਕਟਰੀ ਸਥਿਤੀ ਨਾਲ ਗੱਡੀ ਚਲਾਉਣਾ

Chest Heart & Stroke Scotland



ਜ਼ਰੂਰੀ ਗਾਈਡ

ESSENTIAL GUIDE

# ਇਹ ਜ਼ਰੂਰੀ ਗਾਈਡ ਕਿਸੇ ਡਾਕਟਰੀ ਸਥਿਤੀ ਦੇ ਨਾਲ ਗੱਡੀ ਚਲਾਉਣ ਬਾਰੇ ਹੈ।

**ਇਹ ਹੇਠਾਂ ਦੱਸੀਆਂ ਗੱਲਾਂ ਬਾਰੇ ਸਮਝਾਉਂਦੀ ਹੈ:**

- ਕਿਸੇ ਡਾਕਟਰੀ ਸਥਿਤੀ ਨਾਲ ਗੱਡੀ ਚਲਾਉਣ ਸਬੰਧੀ ਕਨੂੰਨ।
- ਆਪਣੇ ਲਸੰਸ ਨੂੰ ਸਵੈ-ਇੱਛਾ ਨਾਲ ਤਿਆਗਣ ਦਾ ਕੀ ਮਤਲਬ ਹੈ।
- DVLA ਡਾਕਟਰੀ ਜਾਂਚ ਵਿੱਚ ਕੀ ਕੁਝ ਸ਼ਾਮਲ ਹੁੰਦਾ ਹੈ।
- ਛਾਤੀ, ਦਿਲ, ਜਾਂ ਸਟ੍ਰੋਕ ਦੀਆਂ ਸਥਿਤੀਆਂ ਨਾਲ ਗੱਡੀ ਚਲਾਉਣ ਸਬੰਧੀ ਕਨੂੰਨ।
- ਦੁਬਾਰਾ ਗੱਡੀ ਚਲਾਉਣਾ ਸ਼ੁਰੂ ਕਰਨ ਬਾਰੇ ਜਾਣਕਾਰੀ।

ਇਹ ਜਾਣਕਾਰੀ DVLA ਮਾਰਗਦਰਸ਼ਨ **"ਗੱਡੀ ਚਲਾਉਣ ਲਈ ਤੰਦਰੁਸਤੀ ਦਾ ਮੁਲਾਂਕਣ: ਮੈਡੀਕਲ ਪੇਸ਼ੇਵਰਾਂ ਲਈ ਇੱਕ ਗਾਈਡ (Assessing Fitness to Drive: A Guide for Medical Professionals)" ਤੋਂ ਲਈ ਗਈ ਹੈ।**

# ਕਿਸੇ ਡਾਕਟਰੀ ਸਥਿਤੀ ਨਾਲ ਗੱਡੀ ਚਲਾਉਣ ਸਬੰਧੀ ਕਨੂੰਨ

ਕਾਨੂੰਨ ਅਨੁਸਾਰ, ਤੁਹਾਨੂੰ ਡਰਾਈਵਰ ਐਂਡ ਵ੍ਹੀਕਲ ਲਾਇਸੈਂਸਿੰਗ ਏਜੰਸੀ (Driver and Vehicle Licensing Agency, DVLA) ਨੂੰ ਅਜਿਹੀ ਕਿਸੇ ਵੀ ਡਾਕਟਰੀ ਸਥਿਤੀ ਬਾਰੇ ਜ਼ਰੂਰ ਦੱਸਣਾ ਚਾਹੀਦਾ ਹੈ ਜੋ ਸੁਰੱਖਿਅਤ ਢੰਗ ਨਾਲ ਗੱਡੀ ਚਲਾਉਣ ਦੀ ਤੁਹਾਡੀ ਯੋਗਤਾ ਨੂੰ ਪ੍ਰਭਾਵਤ ਕਰ ਸਕਦੀ ਹੈ। ਤੁਹਾਡਾ ਡਾਕਟਰ (ਜਾਂ ਤੁਹਾਡੀ ਸਥਿਤੀ ਬਾਰੇ ਜਾਣਕਾਰੀ ਰੱਖਣ ਵਾਲਾ ਹੈਲਥਕੇਅਰ ਵਿਸ਼ੇਸ਼ੱਗ) ਤੁਹਾਨੂੰ ਇਹ ਦੱਸ ਸਕੇਗਾ ਕਿ ਤੁਹਾਨੂੰ DVLA ਨੂੰ ਸੂਚਿਤ ਕਰਨ ਦੀ ਲੋੜ ਹੈ ਜਾਂ ਨਹੀਂ।

ਜੇ ਤੁਸੀਂ DVLA ਨੂੰ ਕਿਸੇ ਅਜਿਹੀ ਡਾਕਟਰੀ ਸਥਿਤੀ ਬਾਰੇ ਨਹੀਂ ਦੱਸਦੇ ਹੋ ਜੋ ਸੁਰੱਖਿਅਤ ਢੰਗ ਨਾਲ ਗੱਡੀ ਚਲਾਉਣ ਦੀ ਤੁਹਾਡੀ ਯੋਗਤਾ ਨੂੰ ਪ੍ਰਭਾਵਤ ਕਰਦੀ ਹੈ ਤਾਂ ਤੁਹਾਨੂੰ £1,000 ਤੱਕ ਦਾ ਜੁਰਮਾਨਾ ਕੀਤਾ ਜਾ ਸਕਦਾ ਹੈ।

ਜੇ ਤੁਹਾਡੀ ਡਾਕਟਰੀ ਸਥਿਤੀ ਦੇ ਨਤੀਜੇ ਵਜੋਂ ਤੁਹਾਡੇ ਤੋਂ ਕੋਈ ਦੁਰਘਟਨਾ ਹੋ ਜਾਂਦੀ ਹੈ ਤਾਂ ਤੁਹਾਡੇ 'ਤੇ ਮੁਕੱਦਮਾ ਚਲਾਇਆ ਜਾ ਸਕਦਾ ਹੈ।

# DVLA ਨੂੰ ਦੱਸਣਾ

ਸੁਰੱਖਿਆ ਕਾਰਨਾਂ ਕਰਕੇ, DVLA ਦੇ ਇਸ ਸਬੰਧ ਵਿੱਚ ਸਖਤ ਨਿਯਮ ਹਨ ਕਿ ਕੌਣ ਗੱਡੀ ਚਲਾ ਸਕਦਾ ਹੈ ਅਤੇ ਕੌਣ ਨਹੀਂ ਚਲਾ ਸਕਦਾ।

ਜੇ ਤੁਹਾਡੇ ਡਾਕਟਰ ਦਾ ਕਹਿਣਾ ਹੈ ਕਿ ਤੁਸੀਂ ਗੱਡੀ ਚਲਾਉਣ ਲਈ ਫਿਟ ਨਹੀਂ ਹੋ, ਤਾਂ ਤੁਹਾਨੂੰ DVLA ਨੂੰ ਜ਼ਰੂਰ ਦੱਸਣਾ ਚਾਹੀਦਾ ਹੈ ਅਤੇ ਗੱਡੀ ਬਿਲਕੁਲ ਨਹੀਂ ਚਲਾਉਣੀ ਚਾਹੀਦੀ।

ਜੇ ਅਜਿਹੀ ਸਥਿਤੀ ਹੈ, ਤਾਂ ਤੁਸੀਂ ਜਾਂ ਤਾਂ ਆਪਣੀ ਇੱਛਾ ਨਾਲ ਆਪਣਾ ਲਾਇਸੈਂਸ ਤਿਆਗਣ ਦੀ ਚੋਣ ਕਰ ਸਕਦੇ ਹੋ **ਜਾਂ** DVLA ਨੂੰ ਆਪਣਾ ਖੁਦ ਦਾ ਮੁਲਾਂਕਣ ਕਰਕੇ ਤੁਹਾਡੇ ਲਾਇਸੈਂਸ ਬਾਰੇ ਨਿਰਣਾ ਲੈਣ ਦੇ ਸਕਦੇ ਹੋ।

DVLA ਨਾਲ ਕਿਵੇਂ ਸੰਪਰਕ ਕਰਨਾ ਹੈ, ਇਸ ਬਾਰੇ ਜਾਣਕਾਰੀ ਇਸ ਗਾਈਡ ਦੇ ਅਖੀਰ ਵਿੱਚ ਦਿੱਤੀ ਗਈ ਹੈ।



# ਆਪਣੇ ਲਸੰਸ ਨੂੰ ਸਵੈ-ਇੱਛਾ ਨਾਲ ਤਿਆਗਣਾ

ਤੁਸੀਂ ਆਪਣੇ ਲਸੰਸ ਨੂੰ ਆਪਣੀ ਇੱਛਾ ਨਾਲ ਤਿਆਗਣ ਦੀ ਚੋਣ ਕਰ ਸਕਦੇ ਹੋ। ਇਸਦਾ ਮਤਲਬ ਹੈ ਕਿ ਤੁਹਾਡਾ ਉਦੋਂ ਤੱਕ ਗੱਡੀ ਚਲਾਉਣ ਦਾ ਇਰਾਦਾ ਨਹੀਂ ਹੈ ਜਦ ਤੱਕ ਤੁਹਾਡਾ ਡਾਕਟਰ ਤੁਹਾਡੇ ਲਈ ਅਜਿਹਾ ਕਰਨਾ ਸੁਰੱਖਿਅਤ ਨਹੀਂ ਸਮਝਦਾ।

ਤੁਹਾਨੂੰ DVLA ਫ਼ਾਰਮ "**ਮੈਡੀਕਲ ਕਾਰਨਾਂ ਕਰਕੇ ਤਿਆਗਣ ਦੀ ਘੋਸ਼ਣਾ (Declaration of Surrender for Medical Reasons)**" ਨੂੰ ਪੂਰਾ ਕਰਨਾ ਹੋਵੇਗਾ। DVLA ਇਸ ਸਮੇਂ ਅੱਗੇ ਕੋਈ ਕਾਰਵਾਈ ਨਹੀਂ ਕਰੇਗਾ।

ਜੇ ਤੁਸੀਂ ਬਾਅਦ ਵਿੱਚ ਦੁਬਾਰਾ ਡਰਾਈਵਿੰਗ ਸ਼ੁਰੂ ਕਰਨਾ ਚਾਹੋ, ਤਾਂ ਤੁਹਾਨੂੰ ਆਪਣਾ ਲਸੰਸ ਵਾਪਸ ਲੈਣ ਲਈ DVLA ਨੂੰ ਅਰਜ਼ੀ ਦੇਣੀ ਪਵੇਗੀ। ਤੁਹਾਡੇ ਹਾਲਾਤ 'ਤੇ ਨਿਰਭਰ ਕਰਦਿਆਂ, DVLA ਕੋਲ ਆਪਣੀ ਅਰਜ਼ੀ ਹੋਣ ਦੌਰਾਨ ਤੁਸੀਂ ਗੱਡੀ ਚਲਾਉਣ ਦੇ ਯੋਗ ਹੋ ਸਕਦੇ ਹੋ।

ਵਧੇਰੇ ਜਾਣਕਾਰੀ ਲਈ, DVLA ਮਾਰਗਦਰਸ਼ਨ "**ਕੀ ਮੈਂ DVLA ਕੋਲ ਆਪਣੀ ਅਰਜ਼ੀ ਹੋਣ ਦੌਰਾਨ ਗੱਡੀ ਚਲਾ ਸਕਦਾ/ਸਕਦੀ ਹਾਂ? (Can I drive while my application is with DVLA?)**" ਦੇਖੋ। ਤੁਸੀਂ ਇਸਨੂੰ **www.gov.uk** 'ਤੇ ਜਾ ਕੇ ਅਤੇ "**INF188/6**" ਦੀ ਭਾਲ ਕਰਕੇ ਲੱਭ ਸਕਦੇ ਹੋ।

# DVLA ਮੈਡੀਕਲ ਜਾਂਚ

DVLA ਤੁਹਾਡੀ ਸਿਹਤ ਨਾਲ ਸਬੰਧਤ ਅਜਿਹੀ ਕਿਸੇ ਵੀ ਗੱਲ 'ਤੇ ਵਿਚਾਰ ਕਰਨ ਲਈ ਜਾਂਚ ਕਰੇਗਾ ਜੋ ਤੁਹਾਡੇ ਗੱਡੀ ਚਲਾਉਣ ਨੂੰ ਪ੍ਰਭਾਵਤ ਕਰ ਸਕਦੀ ਹੈ। ਇਸ ਜਾਂਚ ਲਈ:

- ਤੁਸੀਂ ਇੱਕ ਡਾਕਟਰੀ ਪ੍ਰਸ਼ਨਾਵਲੀ ਪੂਰੀ ਕਰੋਗੇ।
- ਹੋ ਸਕਦਾ ਹੈ ਤੁਹਾਡੇ ਡਾਕਟਰ ਅਤੇ ਮਾਹਰ ਨੂੰ ਜਾਣਕਾਰੀ ਮੁਹੱਈਆ ਕਰਾਉਣ ਦੀ ਲੋੜ ਹੋਵੇ - ਇਹ ਜਾਣਕਾਰੀ ਮੰਗਣ ਲਈ DVLA ਨੂੰ ਤੁਹਾਡੀ ਆਗਿਆ ਦੀ ਲੋੜ ਹੋਵੇਗੀ।
- ਤੁਹਾਡੇ ਕਿਸੇ ਹੋਰ ਡਾਕਟਰ ਦੁਆਰਾ ਸੁਤੰਤਰ ਮੁਲਾਂਕਣ ਕੀਤੇ ਜਾਣ ਅਤੇ/ਜਾਂ ਤੁਹਾਨੂੰ ਗੱਡੀ ਚਲਾਉਣ ਦੇ ਮੁਲਾਂਕਣ ਲਈ ਸਕਾਟਿਸ਼ ਡਰਾਈਵਿੰਗ ਮੁਲਾਂਕਣ ਸੇਵਾ ਵਿੱਚ ਜਾਣ ਦੀ ਲੋੜ ਹੋ ਸਕਦੀ ਹੈ।

ਜੇ ਤੁਸੀਂ ਸਵੈ-ਇੱਛਾ ਨਾਲ ਆਪਣਾ ਲਸੰਸ ਤਿਆਗਣ ਤੋਂ ਬਾਅਦ ਇਸਦੇ ਲਈ ਦੁਬਾਰਾ ਅਰਜ਼ੀ ਦੇ ਰਹੇ ਹੋ, ਤਾਂ ਤੁਹਾਨੂੰ ਇੱਕ ਡਰਾਈਵਿੰਗ ਲਸੰਸ ਅਰਜ਼ੀ ਫਾਰਮ ਵੀ ਪੂਰਾ ਕਰਨ ਦੀ ਲੋੜ ਹੋਵੇਗੀ।

ਜਾਂਚ ਤੋਂ ਬਾਅਦ, DVLA ਦਾ ਡਰਾਈਵਰਜ਼ ਮੈਡੀਕਲ ਗਰੁੱਪ (Drivers Medical Group) ਤੁਹਾਡੇ ਲਸੰਸ ਬਾਰੇ ਫ਼ੈਸਲਾ ਲਵੇਗਾ। ਨਤੀਜਾ ਪਤਾ ਲੱਗਣ ਵਿੱਚ ਤੁਹਾਨੂੰ ਕੁਝ ਮਹੀਨੇ ਲੱਗ ਸਕਦੇ ਹਨ।

**ਫ਼ੈਸਲਾ ਹੇਠ ਲਿਖਿਆਂ ਵਿੱਚੋਂ ਇੱਕ ਹੋ ਸਕਦਾ ਹੈ:**

- ✓ ਤੁਹਾਡਾ ਲਸੰਸ ਤੁਹਾਡੇ ਕੋਲ ਰਹਿੰਦਾ ਹੈ।
- ਤੁਹਾਨੂੰ ਸਿਰਫ਼ ਇੱਕ ਨਿਸ਼ਚਿਤ ਸਮਾਂ ਮਿਆਦ ਲਈ ਲਸੰਸ ਦਿੱਤਾ ਜਾਂਦਾ ਹੈ। ਜਦੋਂ ਇਹ ਸਮਾਂ ਮਿਆਦ ਖਤਮ ਹੋ ਜਾਂਦੀ ਹੈ, ਤਾਂ ਤੁਸੀਂ ਇੱਕ ਹੋਰ ਲਸੰਸ ਲਈ ਫਿਰ ਤੋਂ ਅਰਜ਼ੀ ਦੇ ਸਕਦੇ ਹੋ, ਅਤੇ DVLA ਇਹ ਚੈੱਕ ਕਰੇਗਾ ਕਿ ਤੁਸੀਂ ਹੁਣ ਗੱਡੀ ਚਲਾਉਣ ਲਈ ਡਾਕਟਰੀ ਮਾਪਦੰਡਾਂ ਨੂੰ ਪੂਰਾ ਕਰਦੇ ਹੋ ਜਾਂ ਨਹੀਂ।
- ਤੁਹਾਨੂੰ ਇੱਕ ਖਾਸ ਲਸੰਸ ਦਿੱਤਾ ਜਾਂਦਾ ਹੈ ਜਿਸ ਦੇ ਲਈ ਗੱਡੀ ਵਿੱਚ ਲੋੜ ਅਨੁਸਾਰ ਤਬਦੀਲੀਆਂ ਕਰਨ ਅਤੇ/ਜਾਂ ਖਾਸ ਕੰਟਰੋਲਾਂ ਦੀ ਲੋੜ ਹੁੰਦੀ ਹੈ।
- ✗ ਤੁਹਾਡਾ ਲਸੰਸ ਰੱਦ ਕਰ ਦਿੱਤਾ (ਵਾਪਸ ਲੈ ਲਿਆ) ਜਾਂਦਾ ਹੈ।

ਜੇ ਤੁਹਾਡੀ ਹਾਲਤ ਵਿੱਚ ਉਸ ਹੱਦ ਤੱਕ ਸੁਧਾਰ ਆ ਜਾਂਦਾ ਹੈ ਕਿ ਤੁਹਾਡੇ ਡਾਕਟਰ ਨੂੰ ਲੱਗਦਾ ਹੈ ਕਿ ਤੁਹਾਡਾ ਫਿਰ ਤੋਂ ਗੱਡੀ ਚਲਾਉਣਾ ਸੁਰੱਖਿਅਤ ਹੈ, ਤਾਂ ਤੁਸੀਂ ਰੱਦ ਜਾਂ ਅਸਵੀਕਾਰ ਕੀਤੇ ਗਏ ਲਸੰਸ ਲਈ ਫਿਰ ਤੋਂ ਅਰਜ਼ੀ ਦੇ ਸਕਦੇ ਹੋ।

# ਆਰਜ਼ੀ ਅਪਾਹਜਤਾ ਮੁਲਾਂਕਣ ਲਸੰਸ (Provisional Disability Assessment Licence)

ਜੇ ਤੁਸੀਂ ਲਸੰਸ ਦੇ ਰੱਦ ਹੋਣ ਤੋਂ ਬਾਅਦ ਇਸਦੇ ਲਈ ਫਿਰ ਤੋਂ ਅਰਜ਼ੀ ਦਿੰਦੇ ਹੋ, ਤਾਂ DVLA ਤੁਹਾਨੂੰ ਇੱਕ ਆਰਜ਼ੀ ਅਪਾਹਜਤਾ ਮੁਲਾਂਕਣ ਲਸੰਸ (Provisional Disability Assessment Licence, PDAL) ਜਾਰੀ ਕਰ ਸਕਦਾ ਹੈ।

PDAL ਨਾਲ ਤੁਹਾਨੂੰ ਸੜਕ 'ਤੇ ਗੱਡੀ ਚਲਾਉਣ ਦਾ ਮੁਲਾਂਕਣ ਕਰਾਉਣ ਦੀ ਆਗਿਆ ਮਿਲਦੀ ਹੈ ਅਤੇ, ਜਿੱਥੇ ਢੁਕਵਾਂ ਹੋਵੇ, ਮੁਲਾਂਕਣ ਤੋਂ ਪਹਿਲਾਂ ਦੁਬਾਰਾ-ਟ੍ਰੇਨਿੰਗ ਦੀ ਸਮਾਂ ਮਿਆਦ ਵੀ ਮਿਲਦੀ ਹੈ।

ਸਕਾਟਿਸ਼ ਡਰਾਈਵਿੰਗ ਮੁਲਾਂਕਣ ਸੇਵਾ ਇਹ ਮੁਲਾਂਕਣ ਕਰੇਗੀ। ਇਹ ਕੋਈ ਗੱਡੀ ਚਲਾਉਣ ਦਾ ਟੈਸਟ **ਨਹੀਂ** ਹੁੰਦਾ। ਇਸਦੀ ਵਰਤੋਂ ਇਹ ਪਤਾ ਲਗਾਉਣ ਲਈ ਕੀਤੀ ਜਾਂਦੀ ਹੈ ਕਿ ਕੀ ਤੁਸੀਂ ਦੁਬਾਰਾ ਗੱਡੀ ਚਲਾਉਣ ਲਈ ਤਿਆਰ ਹੋ ਜਾਂ ਨਹੀਂ।

ਤੁਹਾਡੇ ਮੁਲਾਂਕਣ ਤੋਂ ਬਾਅਦ, ਤੁਹਾਡਾ ਮੁਲਾਂਕਣਕਰਤਾ ਤੁਹਾਡੀ ਗੱਡੀ ਚਲਾਉਣ ਬਾਰੇ ਇੱਕ ਰਿਪੋਰਟ ਤਿਆਰ ਕਰੇਗਾ।

ਇਸ ਰਿਪੋਰਟ ਦੀ ਇੱਕ ਕਾਪੀ DVLA ਦੇ ਮੈਡੀਕਲ ਡਾਕਟਰ ਕੋਲ ਜਾਵੇਗੀ, ਜੋ ਤੁਹਾਡੀ ਗੱਡੀ ਚਲਾਉਣ ਬਾਰੇ ਫ਼ੈਸਲਾ ਲੈਣ ਲਈ ਇਸ ਰਿਪੋਰਟ ਅਤੇ ਕਿਸੇ ਵੀ ਹੋਰ ਮੈਡੀਕਲ ਜਾਣਕਾਰੀ ਦੀ ਵਰਤੋਂ ਕਰੇਗਾ।

# ਕਿਸੇ ਸਿਹਤ ਸਥਿਤੀ ਨਾਲ ਗੱਡੀ ਚਲਾਉਣਾ

ਜੇ ਤੁਹਾਨੂੰ ਕੋਈ ਲੰਬੇ ਸਮੇਂ ਦੀ ਛਾਤੀ ਜਾਂ ਦਿਲ ਦੀ ਬੀਮਾਰੀ ਦਾ ਨਿਦਾਨ (ਡਾਇਗਨੋਜ਼) ਕੀਤਾ ਗਿਆ ਹੈ, ਜਾਂ ਜੇ ਤੁਹਾਨੂੰ ਟ੍ਰੈਂਜ਼ਿਏਂਟ ਇਸਕੀਮਿਕ ਅਟੈਕ (TIA) ਜਾਂ ਸਟ੍ਰੋਕ ਹੋ ਚੁਕਿਆ ਹੈ, ਤਾਂ ਤੁਹਾਡਾ ਡਾਕਟਰ ਤੁਹਾਨੂੰ ਇਸ ਬਾਰੇ ਸਲਾਹ ਦੇ ਸਕਦਾ ਹੈ ਕਿ ਤੁਹਾਨੂੰ DVLA ਨੂੰ ਦੱਸਣ ਦੀ ਲੋੜ ਹੈ ਜਾਂ ਨਹੀਂ।

ਜੇ ਤੁਹਾਡੇ ਲਈ DVLA ਨੂੰ ਦੱਸਣਾ ਜ਼ਰੂਰੀ ਨਹੀਂ ਹੈ, ਤਾਂ ਵੀ ਤੁਹਾਨੂੰ ਇੱਕ ਤੈਅ ਸਮੇਂ ਲਈ ਗੱਡੀ ਚਲਾਉਣਾ ਬੰਦ ਕਰਨਾ ਪੈ ਸਕਦਾ ਹੈ। ਇਸਦੀ ਲੋੜ ਹੈ ਜਾਂ ਨਹੀਂ, ਇਹ ਤੁਹਾਡੀ ਸਥਿਤੀ, ਤੁਹਾਡੇ ਲੱਛਣਾਂ, ਅਤੇ ਤੁਹਾਡੇ ਲਸੰਸ ਦੀ ਕਿਸਮ 'ਤੇ ਨਿਰਭਰ ਕਰੇਗਾ। ਜੇ ਤੁਹਾਨੂੰ ਪੱਕਾ ਨਹੀਂ ਪਤਾ ਕਿ ਇਹ ਤੁਹਾਨੂੰ ਪ੍ਰਭਾਵਤ ਕਰਦਾ ਹੈ ਜਾਂ ਨਹੀਂ, ਤਾਂ ਆਪਣੇ ਡਾਕਟਰ ਨੂੰ ਪੁੱਛੋ।

ਭਾਵੇਂ ਤੁਸੀਂ ਗੱਡੀ ਚਲਾਉਣਾ ਜਾਰੀ ਰੱਖ ਸਕਦੇ ਹੋ, ਫਿਰ ਵੀ ਤੁਹਾਨੂੰ ਇਹ ਜ਼ਰੂਰ ਪੱਕਾ ਕਰਨਾ ਚਾਹੀਦਾ ਹੈ ਕਿ ਤੁਸੀਂ ਹਮੇਸ਼ਾ ਗੱਡੀ ਨੂੰ ਸੁਰੱਖਿਅਤ ਢੰਗ ਨਾਲ ਕਾਬੂ ਕਰਨ ਦੇ ਯੋਗ ਹੋਵੋ। ਜੇ ਤੁਹਾਨੂੰ ਸੁਰੱਖਿਅਤ ਢੰਗ ਨਾਲ ਗੱਡੀ ਚਲਾਉਣ ਦੀ ਆਪਣੀ ਯੋਗਤਾ ਬਾਰੇ ਕੋਈ ਚਿੰਤਾਵਾਂ ਹਨ, ਤਾਂ ਆਪਣੇ GP ਨਾਲ ਗੱਲ ਕਰੋ।

ਅਗਲੇ ਪੰਨਿਆਂ ਵਿੱਚ ਵਿਸ਼ੇਸ਼ ਸਥਿਤੀਆਂ ਬਾਰੇ ਵਧੇਰੇ ਵੇਰਵੇਸਹਿਤ ਦੱਸਿਆ ਗਿਆ ਹੈ।

# ਲੰਬੇ ਸਮੇਂ ਦੀ ਛਾਤੀ ਦੀ ਬੀਮਾਰੀ ਨਾਲ ਗੱਡੀ ਚਲਾਉਣਾ

ਜੇ ਤੁਹਾਨੂੰ ਲੰਬੇ ਸਮੇਂ ਦੀ ਛਾਤੀ ਦੀ ਬੀਮਾਰੀ ਹੈ, ਤਾਂ **ਤੁਹਾਡੇ ਗੱਡੀ ਚਲਾਉਣ 'ਤੇ ਕੋਈ ਕਨੂੰਨੀ ਪਾਬੰਦੀਆਂ ਨਹੀਂ ਹਨ**। ਤੁਹਾਨੂੰ DVLA ਨੂੰ ਦੱਸਣ ਦੀ ਲੋੜ ਨਹੀਂ ਹੈ ਬਸ਼ਰਤੇ ਤੁਹਾਨੂੰ ਨਿਯਮਤ ਤੌਰ 'ਤੇ ਚੱਕਰ ਆਉਣ, ਬੇਹੋਸ਼ ਹੋਣ, ਜਾਂ ਬੇਸੁੱਧ ਹੋਣ ਦਾ ਅਨੁਭਵ ਹੁੰਦਾ ਹੋਵੇ।

ਜੇ ਤੁਸੀਂ ਆਕਸੀਜਨ ਦੀ ਵਰਤੋਂ ਕਰਦੇ ਹੋ ਅਤੇ **ਆਪਣੀ ਕਾਰ ਵਿੱਚ ਆਪਣੇ ਆਕਸੀਜਨ ਸਿਲੰਡਰਾਂ ਜਾਂ ਆਕਸੀਜਨ ਕੰਸਨਟ੍ਰੇਟਰ ਨੂੰ ਲਿਜਾਉਂਦੇ ਹੋ**, ਤਾਂ ਤੁਹਾਨੂੰ ਆਪਣੀ ਇੰਸ਼ੋਰੈਂਸ ਕੰਪਨੀ ਨੂੰ ਦੱਸਣਾ ਚਾਹੀਦਾ ਹੈ। ਇਸ ਨਾਲ ਤੁਹਾਡੇ ਇੰਸ਼ੋਰੈਂਸ ਪ੍ਰੀਮੀਅਮਾਂ 'ਤੇ ਕੋਈ ਅਸਰ ਨਹੀਂ ਪੈਣਾ ਚਾਹੀਦਾ।




ਗੱਡੀ ਚਲਾਉਂਦਿਆਂ ਤੁਹਾਡੀ ਆਕਸੀਜਨ ਹਮੇਸ਼ਾ ਸੁਰੱਖਿਅਤ ਹੋਣੀ ਚਾਹੀਦੀ ਹੈ, ਅਤੇ ਇਸਤੇਮਾਲ ਵਿੱਚ ਨਾ ਹੋਣ 'ਤੇ ਕਾਰ ਦੀ ਡਿੱਕੀ ਵਿੱਚ ਰੱਖੀ ਹੋਣੀ ਚਾਹੀਦੀ ਹੈ।

ਤੁਹਾਨੂੰ ਕਾਰ ਵਿੱਚ ਤੇਲ ਭਰਾਉਂਦੇ ਸਮੇਂ **ਕਦੇ ਵੀ** ਆਪਣੇ ਆਕਸੀਜਨ ਸਿਲੰਡਰ ਜਾਂ ਕੰਸਨਟ੍ਰੇਟਰ ਦਾ ਇਸਤੇਮਾਲ ਨਹੀਂ ਕਰਨਾ ਚਾਹੀਦਾ, ਕਿਉਂਕਿ ਇਸ ਨਾਲ ਅੱਗ ਲੱਗਣ ਦਾ ਇੱਕ ਵੱਡਾ ਖਤਰਾ ਹੁੰਦਾ ਹੈ।

# ਦਿਲ ਦੀ ਕਿਸੇ ਬੀਮਾਰੀ ਨਾਲ ਗੱਡੀ ਚਲਾਉਣਾ

ਦਿਲ ਦੀ ਬੀਮਾਰੀ ਦਾ ਅਸਰ ਤੁਹਾਡੇ ਕੋਲ ਮੌਜੂਦ ਲਸੰਸ ਦੀ ਕਿਸਮ ਅਤੇ ਤੁਹਾਡੀ ਸਥਿਤੀ 'ਤੇ ਨਿਰਭਰ ਕਰੇਗਾ।

## ਸ਼੍ਰੇਣੀ 1: ਕਾਰ/ਮੋਟਰਸਾਈਕਲ ਲਸੰਸ

ਜੇ ਤੁਹਾਨੂੰ ਹੇਠਾਂ ਦਿੱਤਿਆਂ ਵਿੱਚੋਂ ਕੋਈ ਸਮੱਸਿਆ ਹੋ ਚੁਕੀ ਹੈ ਤਾਂ ਤੁਹਾਨੂੰ DVLA ਨੂੰ ਦੱਸਣ ਦੀ ਲੋੜ ਨਹੀਂ ਹੁੰਦੀ:

- ਦਿਲ ਦਾ ਦੌਰਾ
- ਕੋਰੋਨਰੀ ਧਮਣੀ ਬਾਈਪਾਸ ਸਰਜਰੀ
- ਦਿਲ ਦੇ ਵਾਲਵ ਦੀ ਬੀਮਾਰੀ ਜਾਂ ਦਿਲ ਦੇ ਵਾਲਵ ਦੀ ਸਰਜਰੀ
- ਐਨਜਾਇਨਾ।

ਹਾਲਾਂਕਿ ਤੁਹਾਨੂੰ ਇਨ੍ਹਾਂ ਸਥਿਤੀਆਂ ਬਾਰੇ DVLA ਨੂੰ ਦੱਸਣ ਦੀ ਲੋੜ ਨਹੀਂ ਹੁੰਦੀ, ਪਰ ਫਿਰ ਵੀ ਤੁਹਾਨੂੰ ਉਦੋਂ ਤੱਕ ਗੱਡੀ ਚਲਾਉਣਾ ਬੰਦ ਕਰਨਾ ਪੈ ਸਕਦਾ ਹੈ ਜਦ ਤਕ ਤੁਹਾਡਾ ਡਾਕਟਰ ਜਾਂ ਮਾਹਰ ਤੁਹਾਨੂੰ ਇਹ ਨਾ ਕਹਿ ਦੇਵੇ ਕਿ ਗੱਡੀ ਚਲਾਉਣਾ ਸੁਰੱਖਿਅਤ ਹੈ।

# ਚੋਣਵੀਆਂ ਦਿਲ ਦੀਆਂ ਬੀਮਾਰੀਆਂ ਲਈ ਨਿਯਮ

ਜੇ ਤੁਹਾਡੀ ਦਿਲ ਦੀ ਬੀਮਾਰੀ ਕਾਰਨ ਤੁਹਾਨੂੰ ਅਚਾਨਕ ਚੱਕਰ ਆਉਂਦੇ ਹਨ ਜਾਂ ਬੇਹੋਸ਼ੀ ਹੁੰਦੀ ਹੈ, ਤਾਂ ਤੁਹਾਡੇ ਲਈ DVLA ਨੂੰ ਦੱਸਣਾ **ਜ਼ਰੂਰੀ** ਹੈ ਅਤੇ ਤੁਹਾਨੂੰ ਉਦੋਂ ਤੱਕ **ਗੱਡੀ ਚਲਾਉਣਾ ਬੰਦ ਕਰਨਾ ਪਵੇਗਾ** ਜਦ ਤੱਕ ਤੁਹਾਨੂੰ ਡਾਕਟਰ ਜਾਂ ਮਾਹਰ ਦੁਆਰਾ ਇਹ ਨਹੀਂ ਦੱਸਿਆ ਜਾਵੇ ਕਿ ਅਜਿਹਾ ਕਰਨਾ ਸੁਰੱਖਿਅਤ ਹੈ।

ਇਹ ਨਿਯਮ ਉਨ੍ਹਾਂ ਸਥਿਤੀਆਂ 'ਤੇ ਵੀ ਲਾਗੂ ਹੁੰਦੇ ਹਨ ਜਿਨ੍ਹਾਂ ਕਾਰਨ ਤੁਹਾਨੂੰ **ਪੇਸਮੇਕਰ** ਜਾਂ **ਇੰਪਲਾਂਟ ਕਰਨ ਯੋਗ ਕਾਰਡੀਓਵਰਟਰ ਡੀਫਿਬ੍ਰਿਲੇਟਰ** (ICD) ਲਗਵਾਉਣਾ ਪਿਆ ਹੈ। ਜੇ ਤੁਹਾਨੂੰ ਇਨ੍ਹਾਂ ਵਿੱਚੋਂ ਕੋਈ ਵੀ ਲਗਾਇਆ ਗਿਆ ਹੈ ਤਾਂ ਤੁਹਾਨੂੰ **DVLA ਨੂੰ ਜ਼ਰੂਰ ਦੱਸਣਾ** ਚਾਹੀਦਾ ਹੈ। ICD ਲਗਵਾਉਣ ਮਗਰੋਂ ਇਹ ਜ਼ਰੂਰੀ ਹੁੰਦਾ ਹੈ ਕਿ ਤੁਸੀਂ 1-6 ਮਹੀਨਿਆਂ ਤੱਕ ਗੱਡੀ ਨਹੀਂ ਚਲਾਓਗੇ।

# ਦਿਲ ਦੇ ਦੌਰੇ ਜਾਂ ਦਿਲ ਦੇ ਓਪਰੇਸ਼ਨ ਸਮੇਤ, ਐਕਿਊਟ ਕੋਰੋਨਰੀ ਸਿੰਡਰੋਮ



ਤੁਹਾਨੂੰ DVLA ਨੂੰ ਦੱਸਣ ਦੀ ਲੋੜ ਨਹੀਂ ਹੈ ਪਰ ਤੁਹਾਨੂੰ ਘੱਟੋ-ਘੱਟ 1 ਹਫ਼ਤੇ ਲਈ (ਜੇ ਇਲਾਜ ਸਫਲ ਰਿਹਾ ਹੈ ਅਤੇ ਅੱਗੇ ਕੋਈ ਹੋਰ ਲੱਛਣ ਨਹੀਂ ਹਨ) ਜਾਂ 1 ਮਹੀਨੇ ਲਈ (ਜੇ ਤੁਹਾਡੇ ਕੋਲ ਸਪਸ਼ਟ ਡਾਕਟਰੀ ਮਨਜ਼ੂਰੀ ਨਹੀਂ ਹੈ) ਗੱਡੀ ਚਲਾਉਣਾ ਬੰਦ ਕਰਨਾ ਪਵੇਗਾ।

## ਐਨਜਾਇਨਾ

ਤੁਹਾਨੂੰ DVLA ਨੂੰ ਦੱਸਣ ਦੀ ਲੋੜ ਨਹੀਂ ਹੈ ਅਤੇ ਤੁਸੀਂ ਗੱਡੀ ਚਲਾਉਣਾ ਜਾਰੀ ਰੱਖ ਸਕਦੇ ਹੋ, **ਸਿਵਾਏ** ਇਸਦੇ ਜਦੋਂ ਤੁਹਾਨੂੰ ਲੱਛਣ ਦਿਖਾਈ ਦੇ ਰਹੇ ਹੋਣ। ਜੇ ਅਜਿਹਾ ਹੁੰਦਾ ਹੈ, ਤਾਂ ਤੁਹਾਨੂੰ ਲੱਛਣਾਂ ਦੇ ਕਾਬੂ ਹੇਠ ਆਉਣ ਤੱਕ ਗੱਡੀ ਚਲਾਉਣੀ ਬੰਦ ਕਰਨੀ ਪਵੇਗੀ।

## ਕੋਰੋਨਰੀ ਐਂਜਿਓਪਲਾਸਟੀ

ਤੁਹਾਨੂੰ DVLA ਨੂੰ ਦੱਸਣ ਦੀ ਲੋੜ ਨਹੀਂ ਹੈ ਪਰ ਜੇ ਤੁਹਾਡੀ ਐਂਜਿਓਪਲਾਸਟੀ ਸਫਲ ਰਹੀ ਹੈ ਤਾਂ ਤੁਹਾਨੂੰ ਘੱਟੋ-ਘੱਟ **1 ਹਫ਼ਤੇ** ਲਈ ਗੱਡੀ ਚਲਾਉਣਾ ਬੰਦ ਕਰਨਾ ਹੋਵੇਗਾ, ਜਾਂ ਜੇ ਇਹ ਸਫਲ ਨਹੀਂ ਰਹੀ ਹੈ ਤਾਂ ਘੱਟੋ-ਘੱਟ 4 ਹਫ਼ਤਿਆਂ ਤੱਕ।

ਦਿਲ ਦੇ ਦੌਰੇ ਜਾਂ ਐਂਜਿਓਪਲਾਸਟੀ ਤੋਂ ਬਾਅਦ ਗੱਡੀ ਚਲਾਉਣ ਬਾਰੇ ਵਧੇਰੇ ਜਾਣਕਾਰੀ **www.gov.uk/heart-attacks-and-driving** 'ਤੇ ਉਪਲਬਧ ਹੈ।

## ਸਪੌਂਟੇਨੀਅਸ ਕੋਰੋਨਰੀ ਆਰਟਰੀ ਡਾਇਸੈਕਸ਼ਨ (Spontaneous Coronary Artery Dissection, SCAD)

ਜੇ ਤੁਹਾਨੂੰ SCAD ਦਾ ਅਨੁਭਵ ਹੋਇਆ ਹੈ, ਤਾਂ ਤੁਹਾਨੂੰ ਘੱਟੋ-ਘੱਟ **4 ਹਫ਼ਤਿਆਂ** ਲਈ ਗੱਡੀ ਬਿਲਕੁਲ ਨਹੀਂ ਚਲਾਉਣੀ ਚਾਹੀਦੀ, ਪਰ ਤੁਹਾਨੂੰ DVLA ਨੂੰ ਦੱਸਣ ਦੀ ਲੋੜ ਨਹੀਂ ਹੁੰਦੀ ਬਸ਼ਰਤੇ ਤੁਹਾਨੂੰ ਕੋਈ ਹੋਰ ਲੱਛਣ ਵੀ ਹੋਣ।

## ਹਾਰਟ ਫੇਲ੍ਹ ਹੋਣਾ

ਹਾਰਟ ਫੇਲ੍ਹ ਹੋਣ ਵਾਲੇ ਜ਼ਿਆਦਾਤਰ ਲੋਕਾਂ ਨੂੰ DVLA ਨੂੰ ਸੂਚਿਤ ਕਰਨ ਜਾਂ ਗੱਡੀ ਚਲਾਉਣਾ ਬੰਦ ਕਰਨ ਦੀ ਲੋੜ ਨਹੀਂ ਹੁੰਦੀ।

ਜੇ ਤੁਹਾਨੂੰ ਕੋਈ ਅਜਿਹੇ ਲੱਛਣ ਹਨ ਜੋ ਤੁਹਾਡੀ ਗੱਡੀ ਚਲਾਉਣ ਦੀ ਯੋਗਤਾ ਨੂੰ ਪ੍ਰਭਾਵਤ ਕਰਦੇ ਹਨ (ਜਿਵੇਂ ਚੱਕਰ ਆਉਣਾ, ਨਜ਼ਰ ਵਿੱਚ ਵਿਘਨ, ਜਾਂ ਬੇਹੋਸ਼ ਹੋਣਾ), ਜਾਂ ਜੇ ਤੁਹਾਨੂੰ **ਸ਼੍ਰੇਣੀ IV ਹਾਰਟ ਫੇਲ੍ਹੀਅਰ** ਹੋਣ ਦਾ ਨਿਦਾਨ (ਡਾਇਗਨੋਜ਼) ਕੀਤਾ ਗਿਆ ਹੈ, ਤਾਂ ਤੁਹਾਨੂੰ **DVLA ਨੂੰ ਸੂਚਿਤ ਕਰਨਾ ਪਵੇਗਾ** ਅਤੇ ਹੋ ਸਕਦਾ ਹੈ ਕਿ ਤੁਸੀਂ ਗੱਡੀ ਚਲਾਉਣ ਦੇ ਯੋਗ ਨਾ ਹੋਵੋ।

## ਦਿਲ ਦੀ ਅਨਿਯਮਤ ਧੜਕਣ

ਦਿਲ ਦੀ ਅਨਿਯਮਤ ਧੜਕਣ ਤੁਹਾਡੇ ਦਿਲ ਦੀ ਧੜਕਣ ਵਿੱਚ ਕੋਈ ਵੀ ਅਸੁਭਾਵਕਤਾ ਹੁੰਦੀ ਹੈ। ਤੁਹਾਨੂੰ ਉਦੋਂ ਤੱਕ ਗੱਡੀ ਚਲਾਉਣਾ ਬੰਦ ਕਰ ਦੇਣਾ ਚਾਹੀਦਾ ਹੈ ਜਦ ਤੱਕ ਤੁਹਾਡੇ ਦਿਲ ਦੀ ਅਨਿਯਮਤ ਧੜਕਣ **ਘੱਟ ਤੋਂ ਘੱਟ 4 ਹਫ਼ਤਿਆਂ ਲਈ ਨਿਯੰਤ੍ਰਿਤ ਨਹੀਂ ਹੋ ਜਾਂਦੀ।** ਜੇ ਤੁਹਾਨੂੰ ਗੱਡੀ ਚਲਾਉਂਦੇ ਸਮੇਂ ਦਿਲ ਦੀ ਅਨਿਯਮਤ ਧੜਕਣ ਦਾ ਅਨੁਭਵ ਹੁੰਦਾ ਹੈ, ਤਾਂ ਜਿੰਨੀ ਛੇਤੀ ਅਜਿਹਾ ਕਰਨਾ ਸੰਭਵ ਹੋਵੇ, ਗੱਡੀ ਨੂੰ ਕਿਨਾਰੇ 'ਤੇ ਰੋਕ ਲਓ ਜਦ ਤੱਕ ਲੱਛਣ ਖਤਮ ਨਹੀਂ ਹੋ ਜਾਂਦੇ, ਉਦੋਂ ਤੱਕ ਗੱਡੀ ਨਾ ਚਲਾਓ।

ਜੇ ਤੁਹਾਡੇ **ਦਿਲ ਦੀ ਅਨਿਯਮਤ ਧੜਕਣ ਅਨਿਯੰਤ੍ਰਿਤ** ਹੈ ਜਾਂ ਜੇ ਇਸ ਕਾਰਨ ਅਜਿਹੇ **ਲੱਛਣ** ਪੈਦਾ ਹੁੰਦੇ ਹਨ ਜੋ ਤੁਹਾਡੀ ਗੱਡੀ ਚਲਾਉਣ ਨੂੰ ਪ੍ਰਭਾਵਤ ਕਰ ਸਕਦੇ ਹਨ (ਜਿਵੇਂ ਕਿ ਚੱਕਰ ਆਉਣਾ ਜਾਂ ਬੇਹੋਸ਼ ਹੋਣਾ), ਤਾਂ ਤੁਹਾਨੂੰ **DVLA ਨੂੰ ਸੂਚਿਤ ਕਰਨਾ ਹੋਵੇਗਾ**।

## ਪੇਸਮੇਕਰ ਇੰਪਲਾਂਟ

ਜੇ ਤੁਸੀਂ ਪੇਸਮੇਕਰ ਲਗਵਾਇਆ ਹੋਇਆ ਹੈ ਤਾਂ ਤੁਹਾਨੂੰ **DVLA ਨੂੰ ਜ਼ਰੂਰ ਸੂਚਿਤ** ਕਰਨਾ ਚਾਹੀਦਾ ਹੈ, ਅਤੇ ਇਸਨੂੰ ਲਗਵਾਉਣ ਤੋਂ ਬਾਅਦ ਘੱਟ ਤੋਂ ਘੱਟ **1 ਹਫ਼ਤੇ** ਲਈ ਗੱਡੀ ਚਲਾਉਣਾ ਬੰਦ ਕਰ ਦੇਣਾ ਚਾਹੀਦਾ ਹੈ।

## ਇੰਪਲਾਂਟ ਕਰਨ ਯੋਗ ਕਾਰਡੀਓਵਰਟਰ ਡੀਫਿਬ੍ਰਿਲੇਟਰ (ICD)

ਜੇ ਤੁਸੀਂ ICD ਇੰਪਲਾਂਟ ਕਰਵਾਇਆ ਹੋਇਆ ਹੈ ਤਾਂ ਤੁਹਾਨੂੰ ਇਸਨੂੰ ਲਗਵਾਉਣ ਤੋਂ ਬਾਅਦ ਘੱਟ ਤੋਂ ਘੱਟ **6 ਹਫ਼ਤਿਆਂ** ਲਈ ਗੱਡੀ ਬਿਲਕੁਲ ਨਹੀਂ ਚਲਾਉਣੀ ਚਾਹੀਦੀ ਅਤੇ ਤੁਹਾਨੂੰ **DVLA ਨੂੰ ਜ਼ਰੂਰ ਸੂਚਿਤ** ਕਰਨਾ ਚਾਹੀਦਾ ਹੈ।

## ਏਓਰਟਿਕ ਐਨਿਉਰਿਜ਼ਮ (ਮਹਾਂਧਮਣੀ ਦਾ ਫੁੱਲਣਾ)

ਜੇ ਤੁਹਾਨੂੰ 6 ਸੈਂਟੀਮੀਟਰ ਤੋਂ ਵੱਡਾ ਏਓਰਟਿਕ ਐਨਿਉਰਿਜ਼ਮ ਹੋਇਆ ਹੈ (ਜੇ ਤੁਹਾਨੂੰ ਪੱਕਾ ਨਹੀਂ ਹੈ ਤਾਂ ਆਪਣੇ ਡਾਕਟਰ ਨੂੰ ਪੁੱਛੋ), ਤਾਂ ਤੁਹਾਨੂੰ **DVLA ਨੂੰ ਸੂਚਿਤ ਕਰਨਾ ਜ਼ਰੂਰੀ ਹੈ।** ਤੁਸੀਂ ਗੱਡੀ ਚਲਾ ਸਕਦੇ ਹੋ ਜਾਂ ਨਹੀਂ, ਇਹ ਤੁਹਾਡੇ ਲੱਛਣਾਂ ਅਤੇ ਐਨਿਉਰਿਜ਼ਮ (ਫੁਲਾਵਟ) ਦੇ ਅਕਾਰ 'ਤੇ ਨਿਰਭਰ ਕਰੇਗਾ।

## ਏਓਰਟਿਕ ਡਾਇਸੈਕਸ਼ਨ


ਜੇ ਤੁਹਾਡਾ ਏਓਰਟਿਕ ਡਾਇਸੈਕਸ਼ਨ ਦਾ ਨਿਦਾਨ (ਡਾਇਗਨੋਸਿਸ) ਕੀਤਾ ਗਿਆ ਹੈ, ਤਾਂ ਤੁਹਾਨੂੰ **DVLA ਨੂੰ ਜ਼ਰੂਰ ਸੂਚਿਤ** ਕਰਨਾ ਚਾਹੀਦਾ ਹੈ ਅਤੇ **ਗੱਡੀ ਚਲਾਉਣਾ ਬੰਦ ਕਰਨਾ** ਚਾਹੀਦਾ ਹੈ। ਸਫਲ ਸਰਜਰੀ ਤੋਂ ਬਾਅਦ ਤੁਸੀਂ ਆਪਣੇ ਲਸੰਸ ਲਈ ਫਿਰ ਤੋਂ ਅਪਲਾਈ ਕਰਨ ਦੇ ਯੋਗ ਹੋ ਸਕਦੇ ਹੋ।

## ਗਰੁੱਪ 2: ਬੱਸ, ਕੋਚ ਜਾਂ ਲਾਰੀ ਦਾ ਲਸੰਸ

ਦਿਲ ਦੀਆਂ ਜ਼ਿਆਦਾਤਰ ਬੀਮਾਰੀਆਂ ਲਈ, ਜੇ ਤੁਹਾਡੇ ਕੋਲ ਬੱਸ, ਕੋਚ, ਜਾਂ ਲਾਰੀ ਦਾ ਲਸੰਸ ਹੈ, ਤਾਂ ਤੁਹਾਨੂੰ DVLA ਨੂੰ ਦੱਸਣਾ ਹੋਵੇਗਾ ਅਤੇ ਹੋ ਸਕਦਾ ਹੈ ਕਿ ਤੁਹਾਡਾ ਲਸੰਸ ਰੱਦ ਕਰ ਦਿੱਤਾ ਜਾਵੇ।

ਜੇ ਤੁਸੀਂ ਐਨਜਾਇਨਾ ਜਾਂ ਦਿਲ ਦੀਆਂ ਹੋਰ ਸਮੱਸਿਆਵਾਂ ਦੇ ਲੱਛਣਾਂ ਦਾ ਲਗਾਤਾਰ ਅਨੁਭਵ ਕਰ ਰਹੇ ਹੋ, ਤਾਂ ਗੱਡੀ ਨਾ ਚਲਾਓ।

ਕੁਝ ਕੇਸਾਂ ਵਿੱਚ, ਇੱਕ ਨਿਸ਼ਚਿਤ ਸਮੇਂ ਤੋਂ ਬਾਅਦ, ਤੁਹਾਡੇ GP ਜਾਂ DVLA ਦੁਆਰਾ ਤੁਹਾਡਾ ਮੁਲਾਂਕਣ ਕੀਤਾ ਜਾ ਸਕਦਾ ਹੈ ਤਾਂ ਜੋ ਤੁਹਾਨੂੰ ਦੱਸਿਆ ਜਾ ਸਕੇ ਕਿ ਤੁਹਾਨੂੰ ਦੁਬਾਰਾ ਗੱਡੀ ਚਲਾਉਣ ਦੀ ਆਗਿਆ ਹੈ ਜਾਂ ਨਹੀਂ। ਉਦਾਹਰਣ ਲਈ, ਜੇ ਤੁਹਾਨੂੰ ਛੇ ਮਹੀਨਿਆਂ ਤੋਂ ਐਨਜਾਇਨਾ ਦੇ ਕੋਈ ਲੱਛਣ ਨਹੀਂ ਹੋਏ ਹਨ, ਤਾਂ ਤੁਸੀਂ ਆਪਣੇ ਲਸੰਸ ਲਈ ਦੁਬਾਰਾ ਅਪਲਾਈ ਕਰ ਸਕਦੇ ਹੋ।



ਤੁਹਾਡਾ GP ਤੁਹਾਡੀ ਵਿਸ਼ੇਸ਼ ਸਥਿਤੀ ਲਈ ਨਿਯਮਾਂ ਬਾਰੇ ਤੁਹਾਨੂੰ ਸਲਾਹ ਦੇ ਸਕਦਾ ਹੈ।

ਜੇ ਤੁਹਾਡੇ ICD (ਇੰਪਲਾਂਟ ਕਰਨ ਯੋਗ ਕੋਰੋਨਰੀ ਡੀਫਿਬ੍ਰਿਲੇਟਰ) ਲੱਗਿਆ ਹੋਇਆ ਹੈ, ਤਾਂ ਤੁਸੀਂ **ਗਰੁੱਪ 2 ਡਰਾਈਵਿੰਗ ਲਸੰਸ ਨਹੀਂ ਰੱਖ ਸਕਦੇ** ਹੋ ਜਾਂ ਭਾਰੀ ਵਾਹਨ ਨਹੀਂ ਚਲਾ ਸਕਦੇ ਹੋ।

ਤੁਹਾਡੀ ਦਿਲ ਦੀ ਬੀਮਾਰੀ ਦਾ ਨਿਦਾਨ (ਡਾਇਗਨੋਜ਼) ਹੁੰਦਿਆਂ ਹੀ ਤੁਹਾਨੂੰ ਇਸ ਬਾਰੇ DVLA ਨੂੰ ਜ਼ਰੂਰ ਸੂਚਿਤ ਕਰਨਾ ਚਾਹੀਦਾ ਹੈ। ਤੁਹਾਨੂੰ ਦਿਲ ਦੀ ਕਿਸੇ ਵੀ ਸਰਜਰੀ ਜਾਂ ਇਲਾਜ ਬਾਰੇ, ਛੇਤੀ ਤੋਂ ਛੇਤੀ, DVLA ਨੂੰ ਜ਼ਰੂਰ ਸੂਚਿਤ ਕਰਨਾ ਚਾਹੀਦਾ ਹੈ। ਜੇ ਤੁਸੀਂ ਪਹਿਲੀ ਵਾਰ ਗਰੁੱਪ 2 ਲਸੰਸ ਲਈ ਅਪਲਾਈ ਕਰ ਰਹੇ ਹੋ, ਤਾਂ ਤੁਸੀਂ DVLA ਨੂੰ ਦਿਲ ਦੀ ਬੀਮਾਰੀ ਲਈ ਪਹਿਲਾਂ ਹੋਏ ਕੋਈ ਵੀ ਨਿਦਾਨਾਂ ਜਾਂ ਕਿਸੇ ਵੀ ਇਲਾਜ ਬਾਰੇ ਸੂਚਿਤ ਜ਼ਰੂਰ ਕਰੋ।

ਦਿਲ ਦੀਆਂ ਕੁਝ ਸਥਿਤੀਆਂ ਅਜਿਹੀਆਂ ਹਨ ਜਿਨ੍ਹਾਂ ਬਾਰੇ ਤੁਹਾਨੂੰ DVLA ਨੂੰ ਸੂਚਨਾ ਦੇਣ ਦੀ ਲੋੜ ਨਹੀਂ ਹੁੰਦੀ:

- **ਹਾਈ ਬਲੱਡ ਪ੍ਰੈਸ਼ਰ**, ਬਸ਼ਰਤੇ ਤੁਹਾਡੇ ਸਿਸਟੋਲਿਕ ਪ੍ਰੈਸ਼ਰ 180mmHg ਤੋਂ ਘੱਟ ਹੋਵੇ ਅਤੇ ਤੁਹਾਡਾ ਡਾਇਸਟੋਲਿਕ ਪ੍ਰੈਸ਼ਰ 100mmHg ਤੋਂ ਘੱਟ ਹੋਵੇ
- **ਲੱਛਣਾਂ-ਰਹਿਤ, ਦਿਲ ਦੇ ਵਾਲਵ ਦੀ ਬਿਮਾਰੀ**
- **ਹਲਕੇ ਤੋਂ ਦਰਮਿਆਨਾ ਏਓਰਟਿਕ ਸਟੇਨੋਸਿਸ**।

ਦਿਲ ਦੀ ਕੋਈ ਵੀ ਹੋਰ ਬੀਮਾਰੀ, ਜਾਂ ਕੋਈ ਅਜਿਹੀ ਸਥਿਤੀ ਦੀ ਰਿਪੋਰਟ ਕੀਤੀ ਜਾਣੀ ਚਾਹੀਦੀ ਹੈ ਜਿਸ ਕਰਕੇ ਚੱਕਰ ਆਉਂਦੇ ਹੋਣ, ਬੇਹੋਸ਼ੀ ਹੁੰਦੀ ਹੋਵੇ, ਜਾਂ ਧਿਆਨ ਭਟਕਦਾ ਹੋਵੇ।

# ਸਟ੍ਰੋਕ ਜਾਂ TIA ਤੋਂ ਬਾਅਦ ਗੱਡੀ ਚਲਾਉਣਾ

ਸਟ੍ਰੋਕ ਜਾਂ ਟ੍ਰੈਂਜ਼ਿਏਂਟ ਇਸਕੀਮਿਕ ਅਟੈਕ (TIA) ਸੁਰੱਖਿਅਤ ਢੰਗ ਨਾਲ ਗੱਡੀ ਚਲਾਉਣ ਦੀ ਤੁਹਾਡੀ ਯੋਗਤਾ ਨੂੰ ਪ੍ਰਭਾਵਤ ਕਰ ਸਕਦਾ ਹੈ।

ਸਟ੍ਰੋਕ ਜਾਂ ਟ੍ਰੈਂਜ਼ਿਏਂਟ ਇਸਕੀਮਿਕ ਅਟੈਕ (TIA) ਤੋਂ ਬਾਅਦ ਤੁਹਾਡੀ ਗੱਡੀ ਚਲਾਉਣ ਦੀ ਯੋਗਤਾ ਤੁਹਾਡੀ ਸਥਿਤੀ, ਤੁਹਾਡੇ ਲੱਛਣਾਂ, ਅਤੇ ਤੁਹਾਡੇ ਲਸੰਸ ਦੀ ਕਿਸਮ 'ਤੇ ਨਿਰਭਰ ਕਰੇਗੀ।

ਜ਼ਰੂਰੀ ਨਹੀਂ ਹੈ ਕਿ ਤੁਹਾਡੀਆਂ ਬਾਂਹਵਾਂ ਅਤੇ ਲੱਤਾਂ ਦੀ ਅਪਾਹਜਤਾ ਤੁਹਾਨੂੰ ਗੱਡੀ ਚਲਾਉਣ ਤੋਂ ਰੋਕੇ। ਕੁਝ ਕੇਸਾਂ ਵਿੱਚ, ਗੱਡੀਆਂ ਵਿੱਚ ਇਸ ਤਰੀਕੇ ਨਾਲ ਫੇਰਬਦਲ ਕੀਤੇ ਜਾ ਸਕਦੇ ਹਨ ਕਿ ਤੁਸੀਂ ਗੱਡੀ ਚਲਾਉਣਾ ਜਾਰੀ ਰੱਖ ਸਕੋ। ਜੇ ਇਸ ਬਾਰੇ ਕੋਈ ਨਿਯਮ ਲਾਗੂ ਹਨ ਕਿ ਵਾਹਨਾਂ ਵਿੱਚ ਕਿਹੋ ਜਿਹੇ ਫੇਰਬਦਲ ਹੋਣੇ ਜ਼ਰੂਰੀ ਹਨ ਤਾਂ ਜੋ ਤੁਸੀਂ ਗੱਡੀ ਚਲਾ ਸਕੋ, ਇਨ੍ਹਾਂ ਨੂੰ ਤੁਹਾਡੇ ਡਰਾਈਵਿੰਗ ਲਸੰਸ 'ਤੇ ਦੱਸਿਆ ਜਾਣਾ ਜ਼ਰੂਰੀ ਹੈ।

ਦਿਲ ਦੀਆਂ ਬੀਮਾਰੀਆਂ ਵਾਂਗ, ਸਟ੍ਰੋਕ ਜਾਂ TIA ਦੇ ਪ੍ਰਭਾਵ ਵੀ ਲਸੰਸ ਦੀ ਕਿਸਮ 'ਤੇ ਨਿਰਭਰ ਕਰਨਗੇ। ਅਗਲੇ ਪੰਨਿਆਂ 'ਤੇ ਇਨ੍ਹਾਂ ਅੰਤਰਾਂ ਬਾਰੇ ਦੱਸਿਆ ਗਿਆ ਹੈ।

ਹੋਰ ਜਾਣਕਾਰੀ ਲਈ **www.gov.uk/stroke-and-driving** ਦੇਖੋ।

## ਗਰੁੱਪ 1: ਕਾਰ ਜਾਂ ਮੋਟਰਸਾਈਕਲ ਲਸੰਸ

ਸਟ੍ਰੋਕ ਜਾਂ ਇੱਕ ਵਾਰ TIA ਹੋਣ ਤੋਂ ਬਾਅਦ, ਤੁਹਾਨੂੰ ਘੱਟ ਤੋਂ ਘੱਟ 1 ਮਹੀਨੇ ਤੱਕ ਗੱਡੀ ਨਹੀਂ ਚਲਾਉਣੀ ਚਾਹੀਦੀ। ਤੁਹਾਨੂੰ DVLA ਨੂੰ ਸੂਚਿਤ ਕਰਨ ਦੀ ਲੋੜ ਨਹੀਂ ਹੁੰਦੀ।

ਜੇ ਤੁਹਾਨੂੰ ਇੱਕ ਤੋਂ ਵੱਧ ਵਾਰ TIA ਹੋ ਚੁਕਿਆ ਹੈ, ਤਾਂ ਤੁਹਾਨੂੰ ਉਦੋਂ ਤੱਕ ਗੱਡੀ ਬਿਲਕੁਲ ਨਹੀਂ ਚਲਾਉਣੀ ਚਾਹੀਦੀ ਜਦ ਤੱਕ ਤੁਹਾਨੂੰ **ਸਭ ਤੋਂ ਹਾਲ ਹੀ ਵਿੱਚ** ਹੋਏ TIA ਨੂੰ ਇੱਕ ਮਹੀਨੇ ਤੋਂ ਵੱਧ ਨਾ ਹੋ ਗਿਆ ਹੋਵੇ।

### ਤੁਹਾਨੂੰ DVLA ਨੂੰ ਦੱਸਣ ਦੀ ਲੋੜ ਸਿਰਫ਼ ਤਾਂ ਹੋਵੇਗੀ, ਜੇ:

ਤੁਹਾਡੇ ਸਟ੍ਰੋਕ ਜਾਂ TIA ਦੇ 1 ਮਹੀਨੇ ਬਾਅਦ ਵੀ ਅਜਿਹੀਆਂ ਪੇਚੀਦਾ ਸਮੱਸਿਆਵਾਂ ਹਨ ਜੋ ਸੁਰੱਖਿਅਤ ਢੰਗ ਨਾਲ ਗੱਡੀ ਚਲਾਉਣ ਦੀ ਤੁਹਾਡੀ ਯੋਗਤਾ ਨੂੰ ਪ੍ਰਭਾਵਤ ਕਰਦੀਆਂ ਹਨ।

ਤੁਹਾਨੂੰ ਕਿਸੇ ਵੀ ਤਰ੍ਹਾਂ ਦਾ ਦੌਰਾ ਪਿਆ ਹੋਵੇ

ਤੁਹਾਡੇ ਸਟ੍ਰੋਕ ਦੇ ਨਤੀਜੇ ਵਜੋਂ ਤੁਹਾਨੂੰ ਦਿਮਾਗ ਦੀ ਸਰਜਰੀ ਦੀ ਲੋੜ ਹੋਵੇ

ਤੁਹਾਨੂੰ ਡਾਕਟਰੀ ਦੇਖਭਾਲ ਪ੍ਰਦਾਨ ਕਰ ਰਿਹਾ ਕੋਈ ਵੀ ਵਿਅਕਤੀ ਸੁਰੱਖਿਅਤ ਢੰਗ ਨਾਲ ਗੱਡੀ ਚਲਾਉਣ ਦੀ ਤੁਹਾਡੀ ਯੋਗਤਾ ਬਾਰੇ ਚਿੰਤਤ ਹੋਵੇ।

# ਗਰੁੱਪ 2: ਬੱਸ, ਕੋਚ ਜਾਂ ਲਾਰੀ ਦਾ ਲਸੰਸ

ਜੇ ਤੁਹਾਨੂੰ ਸਟ੍ਰੋਕ ਜਾਂ TIA ਹੋ ਚੁਕਿਆ ਹੈ, ਤਾਂ ਤੁਹਾਨੂੰ DVLA ਨੂੰ ਜ਼ਰੂਰ ਦੱਸਣਾ ਚਾਹੀਦਾ ਹੈ। ਤੁਹਾਡਾ ਲਸੰਸ ਘੱਟੋ-ਘੱਟ 12 ਮਹੀਨਿਆਂ ਲਈ ਰੱਦ ਕਰ ਦਿੱਤਾ ਜਾਵੇਗਾ।



ਜੇ ਤੁਹਾਨੂੰ ਕੋਈ ਲਗਾਤਾਰ ਕੋਈ ਪੇਚੀਦਾ ਸਮੱਸਿਆਵਾਂ ਨਹੀਂ ਹਨ ਅਤੇ ਤੁਹਾਡੇ ਲਈ ਗੱਡੀ ਚਲਾਉਣਾ ਸੁਰੱਖਿਅਤ ਹੈ, ਤਾਂ ਤੁਸੀਂ ਇਸ ਸਮੇਂ ਤੋਂ ਬਾਅਦ ਆਪਣੇ ਲਸੰਸ ਲਈ ਫਿਰ ਤੋਂ ਅਰਜ਼ੀ ਦੇ ਸਕਦੇ ਹੋ।

ਦੁਬਾਰਾ ਲਸੰਸ ਮਿਲਣਾ ਕਸਰਤ ਕਰਦੇ ਸਮੇਂ ਈਸੀਜੀ ਸਮੇਤ, ਮੈਡੀਕਲ ਰਿਪੋਰਟਾਂ ਅਤੇ ਟੈਸਟਾਂ 'ਤੇ ਨਿਰਭਰ ਕਰ ਸਕਦਾ ਹੈ।

ਜੇ ਤੁਹਾਨੂੰ ਇੱਕ ਤੋਂ ਵੱਧ ਵਾਰ ਸਟ੍ਰੋਕ ਜਾਂ TIA ਹੋ ਚੁਕਿਆ ਹੈ, ਤਾਂ ਤੁਹਾਨੂੰ ਫੰਕਸ਼ਨਲ ਕਾਰਡੀਐਕ ਟੈਸਟ ਕਰਾਉਣੇ ਪੈਣਗੇ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਕੀ ਇਨ੍ਹਾਂ ਦੇ ਦੁਬਾਰਾ ਹੋਣ ਦੀ ਸੰਭਾਵਨਾ ਹੈ।

# ਗਰੁੱਪ 3: ਟੈਕਸੀ ਲਸੰਸ

ਟ੍ਰਾਂਸਪੋਰਟ ਸਿਲੈਕਟ ਕਮੇਟੀ ਸਿਫ਼ਾਰਸ਼ ਕਰਦੀ ਹੈ ਕਿ ਸਥਾਨਕ ਕੌਂਸਲਾਂ ਸਟ੍ਰੋਕ ਜਾਂ TIA ਤੋਂ ਬਾਅਦ ਟੈਕਸੀ ਲਸੰਸ 'ਤੇ ਵੀ, ਗਰੁੱਪ 2 ਲਸੰਸ ਧਾਰਕਾਂ ਵਾਲੀਆਂ ਹੀ ਪਾਬੰਦੀਆਂ ਲਾਗੂ ਕਰਨ।

ਇਸਦਾ ਮਤਲਬ ਹੈ ਕਿ ਤੁਹਾਨੂੰ DVLA ਨੂੰ ਦੱਸਣਾ ਪਵੇਗਾ ਅਤੇ ਤੁਹਾਡਾ ਗਰੁੱਪ 3 ਲਸੰਸ ਘੱਟ ਤੋਂ ਘੱਟ 12 ਮਹੀਨਿਆਂ ਲਈ ਰੱਦ ਕਰ ਦਿੱਤਾ ਜਾਵੇਗਾ।



ਆਪਣੇ ਇਲਾਕੇ ਵਿੱਚ ਪਾਬੰਦੀਆਂ ਦਾ ਪਤਾ ਲਗਾਉਣ ਲਈ ਆਪਣੀ ਸਥਾਨਕ ਲਾਇਸੈਂਸਿੰਗ ਕੌਂਸਲ ਤੋਂ ਪੁੱਛੋ।

# ਗੱਡੀ ਚਲਾਉਣਾ ਮੁੜ ਸ਼ੁਰੂ ਕਰਨਾ

## ਸਕਾਟਿਸ਼ ਡਰਾਈਵਿੰਗ ਮੁਲਾਂਕਣ ਸੇਵਾ

**SMART** ਸਕਾਟਿਸ਼ ਡਰਾਈਵਿੰਗ ਅਸੈਸਮੈਂਟ ਸਰਵਿਸ ਗੱਡੀ ਚਲਾਉਣ ਸਬੰਧੀ ਮੁਲਾਂਕਣ ਪ੍ਰਦਾਨ ਕਰਦੀ ਹੈ। DVLA ਦੀ ਗੱਡੀ ਚਲਾਉਣ ਲਈ ਤੰਦਰੁਸਤੀ ਸਬੰਧੀ ਜਾਂਚ ਦੇ ਹਿੱਸੇ ਵਜੋਂ ਇਸਦੀ ਲੋੜ ਹੋ ਸਕਦੀ ਹੈ।

**SMART** ਮੁਲਾਂਕਣ ਸੇਵਾ ਐਡਿਨਬਰਾ ਦੇ Astley Ainslie ਹਸਪਤਾਲ ਵਿੱਚ ਸਥਿਤ ਹੈ। ਇਹ ਸੇਵਾ ਉਨ੍ਹਾਂ ਲੋਕਾਂ ਲਈ ਵੀ ਗੱਡੀ ਚਲਾਉਣ ਬਾਰੇ ਜਾਣਕਾਰੀ ਅਤੇ ਸਲਾਹ ਪ੍ਰਦਾਨ ਕਰਦੀ ਹੈ ਜਿਨ੍ਹਾਂ ਨੂੰ ਕੋਈ ਡਾਕਟਰੀ ਸਥਿਤੀ ਹੈ, ਜੋ ਜ਼ਖਮੀ ਹੋਏ ਹਨ, ਜਾਂ ਜਿਨ੍ਹਾਂ ਨੂੰ ਕੋਈ ਅਪਾਹਜਤਾ ਹੈ। ਇਸ ਵਿੱਚ ਗੱਡੀ ਵਿੱਚ ਲੋੜ ਅਨੁਸਾਰ ਤਬਦੀਲੀਆਂ ਕਰਨ ਅਤੇ ਡਰਾਈਵਿੰਗ ਲੈਸਨਾਂ ਬਾਰੇ ਜਾਣਕਾਰੀ ਸ਼ਾਮਲ ਹੁੰਦੀ ਹੈ। ਇਸ ਸੇਵਾ ਲਈ ਤੁਹਾਨੂੰ ਤੁਹਾਡੇ ਡਾਕਟਰ (GP ਜਾਂ ਹਸਪਤਾਲ ਦੇ ਮਾਹਰ) ਜਾਂ ਕਿਸੇ DVLA ਡਾਕਟਰ ਦੁਆਰਾ ਰੈਫ਼ਰ ਕੀਤੇ ਜਾਣ ਦੀ ਲੋੜ ਹੁੰਦੀ ਹੈ। ਤੁਸੀਂ ਵਧੇਰੇ ਜਾਣਕਾਰੀ ਔਨਲਾਈਨ ਇੱਥੋਂ ਲੱਭ ਸਕਦੇ ਹੋ

**www.smart.scot.nhs.uk/service/driving-assessment**.

## ਲੋਦੀਅਨ ਤੋਂ ਬਾਹਰ ਡਾਕਟਰੀ ਮੁਲਾਂਕਣ

ਜੇ ਤੁਸੀਂ ਲੋਦੀਅਨ ਵਿੱਚ ਜਾਂ ਇਸਦੇ ਨੇੜੇ-ਤੇੜੇ ਨਹੀਂ ਰਹਿੰਦੇ ਹੋ, ਤਾਂ ਤੁਹਾਡੇ ਲਈ ਸਕਾਟਿਸ਼ ਡਰਾਈਵਿੰਗ ਅਸੈਸਮੈਂਟ ਸੈਂਟਰ ਵਿੱਚ ਜਾਣਾ ਮੁਸ਼ਕਲ ਹੋ ਸਕਦਾ ਹੈ।

ਜੇ ਅਜਿਹਾ ਹੈ, ਤਾਂ ਆਪਣੇ ਡਾਕਟਰ ਜਾਂ ਵਿਸ਼ੇਸ਼ੱਗ ਸਿਹਤ ਪੇਸ਼ੇਵਰ ਨੂੰ ਪੁੱਛੋ ਕਿ ਕੀ ਗੱਡੀ ਚਲਾਉਣ ਦੇ ਮੁਲਾਂਕਣ ਲਈ ਕੋਈ ਹੋਰ ਤਰੀਕੇ ਉਪਲਬਧ ਹਨ। ਹੋ ਸਕਦਾ ਹੈ ਤੁਹਾਡਾ ਮੁਲਾਂਕਣ ਤੁਹਾਡੇ GP ਦੁਆਰਾ ਜਾਂ ਕਿਸੇ ਸਥਾਨਕ ਹਸਪਤਾਲ ਵਿਖੇ ਕੀਤਾ ਜਾ ਸਕਦਾ ਹੋਵੇ।

## ਵਿਕਲਪਿਕ ਟ੍ਰਾਂਸਪੋਰਟ

ਜਿਸ ਸਮੇਂ ਦੌਰਾਨ ਤੁਸੀਂ ਗੱਡੀ ਚਲਾਉਣ ਦੇ ਯੋਗ ਨਹੀਂ ਹੁੰਦੇ, ਉਸ ਦੌਰਾਨ ਬਦਲਵੇਂ ਤਰੀਕੇ ਲੱਭਣਾ ਫ਼ਾਇਦੇਮੰਦ ਹੋ ਸਕਦਾ ਹੈ।

ਤੁਸੀਂ **www.travelinescotland.com** 'ਤੇ ਵੱਖ-ਵੱਖ ਤਰ੍ਹਾਂ ਦੀ ਜਨਤਕ ਟ੍ਰਾਂਸਪੋਰਟ ਬਾਰੇ ਜਾਣਕਾਰੀ, ਅਤੇ ਯਾਤਰਾਵਾਂ ਦੀ ਯੋਜਨਾ ਬਣਾਉਣ ਵਿੱਚ ਮਦਦ ਪ੍ਰਾਪਤ ਕਰ ਸਕਦੇ ਹੋ।

ਟ੍ਰਾਂਸਪੋਰਟ ਵਿੱਚ ਪਰਿਵਾਰ ਅਤੇ ਦੋਸਤਾਂ ਤੋਂ ਮਦਦ ਮੰਗਣਾ ਵੀ ਫ਼ਾਇਦੇਮੰਦ ਹੋ ਸਕਦਾ ਹੈ।

# ਡਰਾਈਵਿੰਗ ਲੈਸਨ

ਤੁਹਾਨੂੰ ਫਿਰ ਤੋਂ ਆਪਣਾ ਆਤਮਵਿਸ਼ਵਾਸ ਹਾਸਲ ਕਰਨ ਲਈ ਰਿਫ੍ਰੈਸ਼ਰ ਡਰਾਈਵਿੰਗ ਲੈਸਨ ਸਹਾਇਕ ਲੱਗ ਸਕਦੇ ਹਨ।

ਤੁਸੀਂ ਡਰਾਈਵਿੰਗ ਲੈਸਨ ਸਿਰਫ਼ ਤਾਂ ਹੀ ਪ੍ਰਾਪਤ ਕਰ ਸਕਦੇ ਹੋ, ਜੇ ਤੁਹਾਡੇ ਕੋਲ ਇੱਕ ਵੈਧ, ਰੱਦ ਨਾ ਕੀਤਾ ਹੋਇਆ ਲਸੰਸ ਹੈ, ਅਤੇ ਜੇ ਤੁਹਾਡੇ ਡਾਕਟਰ ਨੇ ਸਹਿਮਤੀ ਦੇ ਦਿੱਤੀ ਹੈ ਕਿ ਤੁਹਾਡੇ ਲਈ ਗੱਡੀ ਚਲਾਉਣਾ ਸੁਰੱਖਿਅਤ ਹੈ।

ਜੇ ਤੁਸੀਂ ਆਪਣਾ ਲਸੰਸ ਤਿਆਗ ਦਿੱਤਾ ਹੈ ਜਾਂ ਇਸਦੀ ਮਿਆਦ ਖਤਮ ਹੋ ਚੁਕੀ ਹੈ, ਤਾਂ ਤੁਹਾਨੂੰ DVLA ਨੂੰ ਅਰਜ਼ੀ ਦੇਣੀ ਪਵੇਗੀ ਅਤੇ ਲੈਸਨ ਸ਼ੁਰੂ ਕਰਨ ਤੋਂ ਪਹਿਲਾਂ ਇੱਕ ਵੈਧ ਲਸੰਸ ਪ੍ਰਾਪਤ ਕਰਨਾ ਪਵੇਗਾ।

DVLA ਦੁਆਰਾ ਤੁਹਾਡੀ ਲਸੰਸ ਦੀ ਐਪਲੀਕੇਸ਼ਨ 'ਤੇ ਵਿਚਾਰ ਕਰਨ ਦੇ ਦੌਰਾਨ, ਰੋਡ ਟ੍ਰੈਫਿਕ ਐਕਟ ਦੀ ਧਾਰਾ 88 ਦੇ ਤਹਿਤ ਤੁਹਾਨੂੰ ਗੱਡੀ ਚਲਾਉਣ ਦੀ ਆਗਿਆ ਹੋ ਸਕਦੀ ਹੈ। ਵਧੇਰੇ ਜਾਣਕਾਰੀ DVLA ਦੇ ਮਾਰਗਦਰਸ਼ਨ "ਮੇਰਾ ਲਸੰਸ DVLA ਕੋਲ ਹੋਣ ਦੌਰਾਨ, ਕੀ ਮੈਂ ਗੱਡੀ ਚਲਾ ਸਕਦਾ/ਸਕਦੀ ਹਾਂ? (Can I drive while my licence is with the DVLA?)" ਵਿੱਚ ਉਪਲਬਧ ਹੈ ਤੁਸੀਂ ਇਸ ਬਾਰੇ **www.gov.uk** 'ਤੇ ਜਾ ਕੇ ਅਤੇ "**INF188/6**" ਦੀ ਭਾਲ ਕਰਕੇ ਪਤਾ ਲਗਾ ਸਕਦੇ ਹੋ।

ਇਹ ਫ਼ੈਸਲਾ ਡਰਾਈਵਰ 'ਤੇ ਨਿਰਭਰ ਕਰਦਾ ਹੈ ਕਿ ਧਾਰਾ 88 ਉਸ 'ਤੇ ਲਾਗੂ ਹੁੰਦੀ ਹੈ ਜਾਂ ਨਹੀਂ।

# ਬੀਮਾ

ਤੁਹਾਨੂੰ ਆਪਣੀ ਇੰਸ਼ੋਰੈਂਸ ਕੰਪਨੀ ਨੂੰ ਅਜਿਹੀ ਕਿਸੇ ਵੀ ਡਾਕਟਰੀ ਸਥਿਤੀ ਬਾਰੇ ਜ਼ਰੂਰ ਦੱਸਣਾ ਚਾਹੀਦਾ ਹੈ ਜੋ ਤੁਹਾਡੀ ਗੱਡੀ ਚਲਾਉਣ ਦੀ ਯੋਗਤਾ ਨੂੰ ਪ੍ਰਭਾਵਿਤ ਕਰ ਸਕਦੀ ਹੋਵੇ। ਤੁਹਾਨੂੰ ਉਨ੍ਹਾਂ ਨੂੰ ਆਪਣੀ ਗੱਡੀ ਵਿੱਚ ਲੋੜ ਅਨੁਸਾਰ ਕੀਤੀ ਗਈ ਕਿਸੇ ਵੀ ਤਬਦੀਲੀ ਬਾਰੇ, ਅਤੇ ਤੁਹਾਡੇ ਦੁਆਰਾ ਨਿਯਮਤ ਰੂਪ ਵਿੱਚ ਲਿਜਾਏ ਜਾਂਦੇ ਕਿਸੇ ਵੀ ਆਕਸੀਜਨ ਉਪਕਰਣ ਬਾਰੇ ਵੀ ਜ਼ਰੂਰ ਦੱਸਣਾ ਚਾਹੀਦਾ ਹੈ।

ਤੁਹਾਡੀ ਇੰਸ਼ੋਰੈਂਸ ਕੰਪਨੀ ਇਹ ਦੱਸਣ ਲਈ ਡਾਕਟਰ ਦੀ ਰਿਪੋਰਟ ਮੰਗ ਸਕਦੀ ਹੈ ਕਿ ਤੁਹਾਡੇ ਲਈ ਗੱਡੀ ਚਲਾਉਣਾ ਸੁਰੱਖਿਅਤ ਹੈ।

ਤੁਹਾਨੂੰ ਕੋਈ ਅਜਿਹੀ ਬੀਮਾ ਕੰਪਨੀ ਵੀ ਲੱਭਣੀ ਪੈ ਸਕਦੀ ਹੈ ਜੋ ਤੁਹਾਨੂੰ ਕਵਰ ਕਰੇਗੀ। Chest Heart & Stroke Scotland ਕੋਲ ਇੱਕ ਜਾਣਕਾਰੀ ਪੱਤਰ ਹੈ ਜਿਸ ਵਿੱਚ ਉਨ੍ਹਾਂ ਬੀਮਾ ਕੰਪਨੀਆਂ ਦੀ ਸੂਚੀ ਮੌਜੂਦ ਹੈ ਜੋ ਲੰਬੇ ਚਿਰ ਤੋਂ ਚੱਲਦੀ ਕਿਸੇ ਸਿਹਤ ਸਮੱਸਿਆ ਲਈ ਤੁਹਾਡਾ ਬੀਮਾ ਕਰਨ ਦੇ ਯੋਗ ਹੋ ਸਕਦੀਆਂ ਹਨ।



# ਬਲੂ ਬੈਜ ਸਕੀਮ

ਬਲੂ ਬੈਜ ਸਕੀਮ ਨਾਲ ਆਉਣ-ਜਾਣ ਵਿੱਚ ਮੁਸ਼ਕਲਾਂ ਵਾਲੇ ਲੋਕਾਂ ਨੂੰ ਉਨ੍ਹਾਂ ਥਾਂਵਾਂ ਦੇ ਨੇੜੇ ਗੱਡੀ ਖੜ੍ਹੀ ਕਰਨ ਦੀ ਸਹੂਲਤ ਮਿਲਦੀ ਹੈ ਜਿੱਥੇ ਉਹ ਜਾਣਾ ਚਾਹੁੰਦੇ ਹਨ। ਬਲੂ ਬੈਜਾਂ ਨੂੰ ਅਪਾਹਜ ਵਿਅਕਤੀਆਂ ਲਈ ਪਾਰਕਿੰਗ ਪਰਮਿਟਾਂ ਵਜੋਂ ਵੀ ਜਾਣਿਆ ਜਾਂਦਾ ਹੈ।

ਤੁਸੀਂ ਆਪਣੀ ਸਥਾਨਕ ਕੌਂਸਲ ਤੋਂ ਬਲੂ ਬੈਜ ਲਈ ਔਨਲਾਈਨ ਅਪਲਾਈ ਕਰ ਸਕਦੇ ਹੋ। ਬਲੂ ਬੈਜ ਲਈ ਤੁਹਾਡੇ ਤੋਂ £20 ਤੱਕ ਦਾ ਖਰਚਾ ਲਿਆ ਜਾ ਸਕਦਾ ਹੈ।

ਵਧੇਰੇ ਜਾਣਕਾਰੀ ਲਈ **www.mygov.scot/transport-travel/park-permit** 'ਤੇ ਜਾਓ।



# DVLA ਦੇ ਸੰਪਰਕ ਵੇਰਵੇ ਅਤੇ ਅੱਗੇ ਦੀ ਜਾਣਕਾਰੀ

**DVLA ਜਨਰਲ ਡਰਾਈਵਰ ਲਸੰਸ ਪੁੱਛਗਿੱਛ**

**ਟੈਲੀਫ਼ੋਨ:** 0300 790 6801

**ਵੈੱਬ:** www.gov.uk/contact-the-dvla

**DVLA ਡਾਕਟਰੀ ਪੁੱਛਗਿੱਛ ਅਤੇ ਡਾਕਟਰੀ ਸਥਿਤੀ ਬਿਆਨ ਕਰਨ ਵਾਲੀਆਂ ਪ੍ਰਸ਼ਨਾਵਲੀਆਂ**

**ਟੈਲੀਫ਼ੋਨ:** 0300 790 6806

**ਵੈੱਬ:** www.gov.uk/health-conditions-and-driving

**ਡਾਕ ਪਤਾ:** Drivers' Medical Enquiries, DVLA, Swansea, SA99 1TU

ਗੱਡੀ ਚਲਾਉਣ ਅਤੇ ਟ੍ਰਾਂਸਪੋਰਟ ਸਬੰਧੀ ਮੁੱਦਿਆਂ ਬਾਰੇ ਵਧੇਰੇ ਜਾਣਕਾਰੀ ਲਈ **www.gov.uk/browse/driving** 'ਤੇ ਜਾਓ, ਜਿਨ੍ਹਾਂ ਵਿੱਚ ਕਿਸੇ ਅਪਾਹਜਤਾ ਜਾਂ ਡਾਕਟਰੀ ਸਥਿਤੀ ਨਾਲ ਗੱਡੀ ਚਲਾਉਣਾ, ਬਲੂ ਬੈਜ ਸਕੀਮ ਅਤੇ ਜੇ ਤੁਸੀਂ ਅਪਾਹਜ ਹੋ ਤਾਂ ਜਨਤਕ ਆਵਾਜਾਈ ਦੀ ਵਰਤੋਂ ਕਰਨਾ ਸ਼ਾਮਲ ਹਨ।

ਸਾਡੇ ਪ੍ਰਕਾਸ਼ਨ ਸਕਾਟਲੈਂਡ ਵਿੱਚ ਹਰੇਕ ਲਈ, PDF ਅਤੇ ਪ੍ਰਿੰਟ ਦੋਵਾਂ ਵਿੱਚ, ਮੁਫ਼ਤ ਹਨ। ਇਨ੍ਹਾਂ ਸਾਰਿਆਂ ਨੂੰ **www.chss.org.uk/resources-hub** 'ਤੇ ਦੇਖੋ

ਸਾਡੀ ਐਡਵਾਈਸ ਲਾਈਨ ਟੀਮ ਤੋਂ ਮੁਫ਼ਤ, ਗੁਪਤ ਸਲਾਹ ਅਤੇ ਸਹਿਯੋਗ ਲਈ, ਇੱਥੇ ਸੰਪਰਕ ਕਰੋ:

**0808 801 0899 (ਸੋਮ-ਸ਼ੁੱਕਰ ਸਵੇਰੇ 9 ਵਜੇ - ਸ਼ਾਮ 4 ਵਜੇ)**
**66777 'ਤੇ ADVICE ਟੈਕਸਟ ਭੇਜੋ।**
**adviceline@chss.org.uk**

ਸਕਾਟਲੈਂਡ ਵਿੱਚ ਪੰਜ ਵਿੱਚੋਂ ਇੱਕ ਵਿਅਕਤੀ ਛਾਤੀ, ਦਿਲ ਅਤੇ ਸਟ੍ਰੋਕ ਦੀਆਂ ਸਿਹਤ ਸਮੱਸਿਆਵਾਂ ਜਾਂ ਲੌਂਗ ਕੋਵਿਡ ਤੋਂ ਪ੍ਰਭਾਵਤ ਹੈ। ਇਹ ਪਤਾ ਲਗਾਉਣ ਲਈ **www.chss.org.uk/supportus** 'ਤੇ ਜਾਓ ਕਿ ਤੁਸੀਂ ਸਕਾਟਲੈਂਡ ਵਿੱਚ ਹੋਰ ਜ਼ਿਆਦਾ ਲੋਕਾਂ ਨੂੰ ਸਹਿਯੋਗ ਦੇਣ ਵਿੱਚ ਸਾਡੀ ਮਦਦ ਕਿਵੇਂ ਕਰ ਸਕਦੇ ਹੋ।

ਫ਼ੀਡਬੈਕ ਦੇਣ ਜਾਂ ਬਦਲਵੇਂ ਫ਼ਾਰਮੈਟਾਂ ਦੀ ਬੇਨਤੀ ਕਰਨ ਲਈ, ਇੱਥੇ ਈਮੇਲ ਭੇਜੋ: **health.information@chss.org.uk**

**Chest Heart & Stroke Scotland**

**ਅੱਪਡੇਟ ਕੀਤਾ:** ਜੁਲਾਈ 2024
**ਅਗਲੀ ਸਮੀਖਿਆ:** ਜੁਲਾਈ 2027

**ਸਾਡੇ ਸਾਰੇ ਸਰੋਤ ਦੇਖਣ ਲਈ ਇੱਥੇ ਸਕੈਨ ਕਰੋ!**

F054

E9-v.1.0-ਅਪ੍ਰੈਲ2025

ਸਕਾਟਿਸ਼ ਚੈਰਿਟੀ (ਨੰ SC018761)